# ਬਲਾਕ ਪੱਧਰ

1. ਵਿਦਿਆਰਥੀ ਦੀ ਈ-ਪੰਜਾਬ ਆਈ-ਡੀ ਗਲਤ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਕੁਇਜ਼ ਵਿਚੋਂ Disqualify ਸਮਝਿਆ ਜਾਵੇਗਾ।
2. ਜੇਕਰ ਵਿਦਿਆਰਥੀ ਦੀ ਈ-ਪੰਜਾਬ ਆਈ-ਡੀ ਸਰਵਰ ਦੇ ਰਜਿਲਟ ਵਿੱਚ ਰਿਪੀਟ ਹੋ ਜਾਂਦੀ ਹੈ ਤਾਂ ਵੀ ਵਿਦਿਆਰਥੀ ਕੁਇਜ਼ ਵਿਚੋਂ Disqualify ਸਮਝਿਆ ਜਾਵੇਗਾ।
3. 9ਵੀ ਅਤੇ 10ਵੀਂ ਕਲਾਸ ਦੇ ਵਿਦਿਆਰਥੀ ਆਪਣੀ ਕਲਾਸ ਸਾਫਟਵੇਅਰ ਵਿੱਚ ਧਿਆਨ ਨਾਲ ਸਿਲੈਕਟ ਕਰਨ। ਗਲਤੀ ਦੀ ਹਾਲਤ ਵਿੱਚ ਵਿਦਿਆਰਥੀ ਕੁਇਜ਼ ਵਿਚੋਂ Disqualify ਸਮਝਿਆ ਜਾਵੇਗਾ।
4. ਪੰਜਾਬ ਦੇ ਸਾਰੇ ਸਕੂਲਾਂ ਵਿੱਚੋਂ 9ਵੀ ਅਤੇ 10ਵੀਂ ਕਲਾਸ ਦੇ ਚੁਣੇ ਗਏ 2-2 ਵਿਦਿਆਰਥੀ ਬਲਾਕ ਪੱਧਰ ਤੇ ਟੈਸਟ ਦੇਣਗੇ।
5. ਬਲਾਕ ਪੱਧਰ ਲਈ ਬਲਾਕ ਦੇ ਸਕੂਲਾਂ ਨੂੰ ਨਵਾਂ ਸਾਫਟਵੇਅਰ (Block Level Quiz Master) ਦਿੱਤਾ ਜਾਵੇਗਾ, ਜੋ ਕਿ ssapunjab.org ਤੋਂ ਡਾਊਨਲੋਡ ਕੀਤਾ ਜਾ ਸਕੇਗਾ।
6. ਬਲਾਕ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 20 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ ਅੰਗਰੇਜ਼ੀ ਟਾਇਪਿੰਗ ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
7. ਬਲਾਕ ਪੱਧਰ ਦੇ ਟੈਸਟ ਲਈ ਪ੍ਰਸ਼ਨਾਵਲੀ (Questionnaire) DGSE ਦਫਤਰ ਵੱਲੋਂ ਮੌਕੇ ਤੇ ਦਿੱਤੀ ਜਾਵੇਗੀ ਜੋਕਿ ਸਾਫਟਵੇਅਰ ਤੇ ਲੱਗੇ ਬਟਨ "Check Question" ਤੇ ਕਲਿੱਕ ਕਰਕੇ ਸਿੱਧੇ ਸਾਫਟਵੇਅਰ ਵਿੱਚ ਹੀ ਡਾਊਨਲੋਡ ਕੀਤੀ ਜਾ ਸਕੇਗੀ।
8. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਤੋਂ ਬਾਅਦ ਸਾਫਟਵੇਅਰ ਵਿੱਚ ਲੱਗੇ ਬਟਨ " Show Result" ਤੇ ਕਲਿੱਕ ਕਰਕੇ ਰਿਜ਼ਲਟ ਦੇਖਿਆ ਜਾ ਸਕਦਾ ਹੈ ਅਤੇ ਹੇਠਾਂ ਦਿੱਤੇ " Upload " ਬਟਨ ਤੇ ਕਲਿੱਕ ਕਰਕੇ ਰਿਜ਼ਲਟ ਨੂੰ www.ssapunjab.org ਦੇ ਸਰਵਰ ਤੇ ਅਪਲੋਡ ਕੀਤਾ ਜਾਵੇਗਾ ਅਤੇ ਮੁੱਖ ਦਫਤਰ ਵੱਲੋ ਨਤੀਜਾ ਵੈਬਸਾਈਟ ਤੇ ਅਪਡੇਟ ਕੀਤਾ ਜਾਵੇਗਾ।
9. ਸਾਰੇ ਬਲਾਕ ਆਪਣਾ ਰਿਜ਼ਲਟ ਟੈਸਟ ਵਾਲੇ ਦਿਨ ਟੈਸਟ ਲੈਣ ਤੋਂ ਬਾਅਦ ਅਪਲੋਡ ਕਰਨਗੇ।
10. ਕੋਈ ਵੀ ਬਲਾਕ ਸਕੂਲ ਆਪਣੇ ਪੱਧਰ ਤੇ ਨਤੀਜਾ ਘੋਸਿਤ ਨਹੀਂ ਕਰੇਗਾ। ਨਤੀਜਾ ਮੁੱਖ ਦਫਤਰ ਵੱਲੋਂ ਵੈਬਸਾਈਟ ਤੇ ਪਾਇਆ ਜਾਵੇਗਾ।
11. ਬਲਾਕ ਪੱਧਰ ਦੇ ਟੈਸਟ ਲਈ ਸਕੂਲ ਲੈਬਜ਼ ਦਾ ਚੁਨਾਵ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਕਰਣਗੇ।

ਨੋਟ:

1. ਈ-ਲੈਬ ਦੇ ਇੱਕ ਤੋ ਵੱਧ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾ ਸਕਦਾ ਹੈ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਊਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।